# ਬੁੱੜੇਵਾਲ ਪਬਲਿਕ ਸਕੂਲ ਨੇ 3-0 ਨਾਲ ਜਿੱਤਿਆ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ 2012 ਦਾ ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ

ਲੁਧਿਆਣਾ, 20 ਜਨਵਰੀ (ਵਿਸ਼ਨੂੰ, ਪਵਨ, ਵਰਿੰਦਰ)-ਅਖਿਲ ਭਾਰਤੀ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਅਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ –38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ। 32 ਸਕੂਲਾਂ ਅਤੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ। ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱੜੇਵਾਲ ਪਬਲਿਕ ਸਕੂਲ ਅਤੇ ਟੈਗੋਰ ਇੰਟਰਨੇਸ਼ਨਲ ਸਕੂਲ ਵਿਚਕਾਰ ਖੇਡਿਆ ਗਿਆ। ਬੁੱੜੇਵਾਲ ਪਬਲਿਕ ਸਕੂਲ ਨੇ ਟੈਗੋਰ ਇੰਟਰਨੇਸ਼ਨਲ ਸਕੂਲ ਨੂੰ 3–0 ਨਾਲ ਹਰਾ ਕੇ ਫਾਈਨਲ ਜਿੱਤ ਲਿਆ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ ਇੱਕ ਗੋਲ ਕੀਤਾ। ਇਸ ਤੋਂ ਪਹਿਲਾਂ ਸੇਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਰੈਯਾਨ ਇੰਟਰਨੇਸ਼ਨਲ ਸਕੂਲ ਨਾਲ ਅਤ ਟੈਗੋਰ ਇੰਟਰਨੇਸ਼ਨਲ ਸਕੂਲ ਦਾ ਮੁਕਾਬਲਾ ਜੀਐਸਐਸਐਸ ਜਿੰਦਾਲੀ ਨਾਲ ਹੋਇਆ। ਬੁੱੜੇਵਾਲ ਪਬਲਿਕ ਸਕੂਲ ਨੇ ਰੈਯਾਨ ਇੰਟਰਨੇਸ਼ਨਲ ਸਕੂਲ



ਫੋਟੋ-ਰਾਜੀਵ, ਸੁਰਿੰਦਰ

ਨੂੰ 4 –0 ਨਾਲ ਹਰਾ ਕੇ ਫਾਈਨਲ ਵਿੱਚ ਆਪਣਾ ਸਥਾਨ ਪੱਕਾ ਕੀਤਾ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਹਰਪਰੀਤ ਸਿੰਘ ਨੇ ਇੱਕ, ਸੋਨੂ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਟੈਗੋਰ ਇੰਟਰਨੇਸ਼ਨਲ ਸਕੂਲ ਅਤੇ ਜੀਐਸਐਸਐਸ ਜਿੰਦਾਲੀ ਵਿਚਕਾਰ ਹੋਏ ਸੈਮੀ ਫਾਈਨਲ ਮੁਕਾਬਲੇ ਵਿੱਚ ਟੈਗੋਰ ਇੰਟਰਨੇਸ਼ਨਲ ਸਕੂਲ ਨੇ ਜੀਐਸਐਸਐਸ ਜਿੰਦਾਲੀ ਨੂੰ 1- 0 ਨਾਲ ਹਰਾਇਆ। ਟੈਗੋਰ ਇੰਟਰਨੇਸ਼ਨਲ ਸਕੂਲ ਦੀ ਤਰਫ ਤੋਂ ਹਰਿੰਦਰਦੀਪ ਸਿੰਘ ਨੇ 1 ਗੋਲ ਕੀਤਾ। ਬੈਸਟ ਗੋਲਕੀਪਰ ਦਾ ਅਵਾਰਡ ਟੈਗੋਰ ਇੰਟਰਨੇਸ਼ਨਲ ਸਕੂਲ ਦੇ ਹਰਿੰਦਰ ਗਰੇਵਾਲ ਨੂੰ ਅਤੇ ਬੁੱੜੇਵਾਲ ਪਬਲਿਕ ਸਕੂਲ ਦੇ ਜਸਵਿੰਦਰ ਸਿੰਘ ਨੂੰ ਹਾਈਐਸਟ ਗੋਲ ਸਕੋਰਰ ਅਤੇ ਮੋਸਟ ਵੈਲਯੂਏਬਲ ਪਲੇਅਰ ਦਾ ਅਵਾਰਡ ਦੀਤਾ ਗਿਆ। ਟੂਰਨਾਮੈਂਟ ਦੇ ਹੈਡ ਸਕਾਉਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਹੇ ਹਨ ਤਾਂ ਜੋ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ। ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ ਇੱਕ ਪਹਿਲ ਹੈ ਜੋ ਦੇਸ਼ ਭਰ ਦੇ ਸ਼ਹਿਰਾਂ ਵਿੱਚ ਅਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਹੁਣ ਤੀਕ 5 ਸ਼ਹਿਰਾਂ ਦੇ 180 ਤੋਂ ਜਿਆਦਾ ਸਕੂਲ ਅਤੇ 1900 ਤੋਂ ਜਿਆਦਾ ਵਿੱਦਿਆਰਥੀ ਭਾਗ ਲੇ ਰਹੇ ਹਨ। ਇਸ ਪਹਿਲ ਦੀ ਸ਼ੁਰੂਆਤ 2007 ਵਿੱਚ ਹੋਈ ਸੀ ਜਿਸ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਫੁੱਟਬਾਲ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਕਰਕੇ ਅਤੇ ਉਨ੍ਹਾਂ ਨੂੰ ਬੜ੍ਹਾਵਾ ਦੇ ਕੇ ਵਿਸ਼ਵਪੱਧਰੀ ਮੰਚ ਪ੍ਰਦਾਨ ਕਰਨਾ ਹੈ।